# ਐਲਬਰਟਾ ਵਿੱਚ ਬਜ਼ੁਰਗ ਆਵਾਸੀਆਂ ਦੀ ਚੈਕਲਿਸਟ

ਇਹ ਕੁੱਝ ਕੰਮ ਹਨ ਜੋ ਐਲਬਰਟਾ ਵਿੱਚ ਪਹੁੰਚਣ ਤੋਂ ਪਿਛੋਂ ਕਰਨੇ ਹੁੰਦੇ ਹਨ.

- ☐ ਸੋਸ਼ਲ ਇਨਸ਼ਿਊਰੈਂਸ ਨੰਬਰ ਲਈ ਐਪਲਾਈ ਕਰਨਾ। ਇਸ ਨੰਬਰ ਦੀ ਲੋੜ ਕਨੇਡਾ ਵਿੱਚ ਕੰਮ ਕਰਨ ਲਈ ਅੱਤੇ ਸਰਕਾਰੀ ਫਾਇਦੇ ਅੱਤੇ ਪ੍ਰੋਗਰਾਮਾਂ ਲਈ ਐਪਲਾਈ ਕਰਨ ਸਮੇ ਪੈਂਦੀ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਸ਼ਨਾਖ਼ਤ ਪੇਸ਼ ਕਰੋ ਅੱਤੇ ਐਪਲੀਕੇਸ਼ਨ ਭਰੋ। ਐਪਲਾਈ ਕਰਨ ਲਈ ਪੂਰੀ ਜਾਣਕਾਰੀ ਅੱਤੇ ਐਪਲੀਕੇਸ਼ਨ ਫੌਰਮ ਹੇਠ ਲਿਖੀ ਵੈਬਸਾਈਟ ਤੇ ਉਪਲਭਸ਼ਧ ਹੈ: www.servicecanada.gc.ca./en/sc/sin/index.shtml ਜਾਂ ਆਪਣੇ ਨੇੜੇ ਦੇ Canada/Alberta Service Centre ਲੱਭਣ ਲਈ ਇਸ ਨੰਬਰ ਤੈ ਫ਼ੋਨ ਕਰੋ:1-800-622-6232

- ☐ ਐਲਬਰਟਾ ਹੈਲਥ ਕੇਅਰ ਇਨਸ਼ਿਊਰੈਂਸ ਪਲੈਨ ਨਾਲ ਰਜਿਸਟਰ ਕਰੋ, ਜੋ ਐਲਬਰਟਾ ਵਿੱਚ ਸਿਹਤ ਸੰਬਧੀ ਸਹੂਲਤਾਂ ਦਿੰਦੀ ਹੈ। **ਇਹ ਕੰਮ ਐਲਬਰਟਾ ਵਿੱਚ ਆਉਣ ਤੋਂ ਬਾਅਦ ਤਿਨ ਮਹੀਨੇ ਦੇ ਵਿੱਚ ਵਿੱਚ ਕਰ ਲੈਣਾ ਚਾਹੀਦਾ ਹੈ।** 65 ਸਾਲ ਜਾਂ ਉਸ ਤੋਂ ਵੱਧ ਉਮਰ ਵਾਲਿਆਂ ਨੂੰ ਮਹੀਨੇ ਦੀਆਂ ਕਿਸ਼ਤਾਂ ਨਹੀਂ ਦੇਣੀਆਂ ਪੈਂਦੀਆਂ। 65 ਸ਼ਾਲਾਂ ਤੋਂ ਘੱਟ ਉਮਰ ਵਾਲਿਆਂ ਲਈ ਰਿਆਇਤੀ ਪ੍ਰੋਗਰਾਮ ਵੀ ਹੈ। ਜਾਣਕਾਰੀ ਅੱਤੇ ਐਪਲੀਕੇਸ਼ਨ ਫੌਰਮ ਇਸ ਵੈਬਸਾਈਟ ਤੇ ਮਿਲ ਸਕਦੇ ਹਨ: http://www.health.gov.ab.ca/ahcip/ahcip_forms.html ਜਾਂ ਜਾਣਕਾਰੀ ਲੈਣ ਲਈ RITE ਲਾਈਨ 310-0000 ਤੇ ਫੋਨ ਕਰੋ ਜਾਂ 727-7 Avenue S.W., Calgary ਦੇ ਦਫ਼ਤਰ ਵਿੱਚ ਜਾਓ ।

- ☐ ਐਲਬਰਟਾ ਸ਼ੀਨੀਅਰ ਬੈਨਿਫ਼ਿਟ ਪ੍ਰੋਗਰਾਮ ਲਈ ਐਪਲਾਈ ਕਰੋ। ਨਵੇਂ ਆਵਾਸੀ, ਜੋ ਇਕਲੇ ਰਹਿੰਦੇ ਹਨ (ਮਕਾਨ ਮਾਲਿਕ ਜਾਂ ਕਿਰਾਏਦਾਰ) ਕੈਸ਼ ਬੈਨਿਫ਼ਿਟ ਦੇ ਹੱਕਦਾਰ ਹੋ ਸਕਦੇ ਹਨ। ਜਾਣਕਾਰੀ ਅੱਤੇ ਐਪਲੀਕੇਸ਼ਨ ਫੋਰਮ http://www.seniors.gov.ab.ca/financial_assistance/index.asp ਤੇ ਮਿਲ ਸਕਦੇ ਹਨ। ਜਾਂ ਜਾਣਕਾਰੀ ਲੈਣ ਲਈ 1-800-642-3853 ਤੇ ਫ਼ੋਨ ਕਰੋ । ਜਾਂ ਕਰਬੀ ਸੈਂਟਰ ਦੇ ਦਫ਼ਤਰ ਜੋ 1133-7 Avenue S.W. Calgary ਵਿੱਚ ਹੈ, ਤੇ ਜਾਓ - ਅਪੌਇਨਟਮੈਂਟ ਨੂੰ ਤਰਜੀਹ ਦਿੱਤੀ ਜਾਵੇਗੀ ।

- ☐ ਕਿਸੇ ਆਰਥਕ ਸੰਸਥਾ ਵਿੱਚ ਆਪਣਾ ਖਾਤਾ ਖੋਲੋ, ਜਿਵੇਂ ਕਿ ਕਿਸੇ ਬੈਂਕ ਵਿੱਚ (ਇੱਛਾਨੁਸਾਰ)

- ☐ ਔਰੀਇਨਟੇਸ਼ਨ ਅੱਤੇ ਇੰਗਲਿਸ਼ ਦੀਆਂ ਕਲਾਸਾਂ ਲਈ ਜਾਣਕਾਰੀ ਲੈਣ ਵਾਸਤੇ ਇਮੀਗਰੈਂਟ ਸਰਵਿੰਗ ਏਜੰਸੀ ਨੂੰ ਮਿਲੋ (ਇੱਛਾਨੁਸਾਰ)। ਵੈਬਸਾਈਟ ਤੇ *ਨੀਡ ਹੈਲਪ?* ਸੈਕਸ਼ਨ ਵਿੱਚ ਇਹਨਾਂ ਏਜੰਸੀਆਂ ਦੀ ਲਿਸਟ ਮਿਲ ਸਕਦੀ ਹੈ ।

  ਸੀਨੀਅਰ ਬੱਸ ਪਾਸ ਖ਼ਰੀਦੋ (ਇਛਾਨੁਸਾਰ)। ਜਾਣਕਾਰੀ ਤੇ ਐਪਲੀਕੇਸ਼ਨ ਫੋਰਮ http://www.calgarytransit.com/html/Passes.html ਤੇ ਉਪਲਭਧ ਹਨ।

  ਜਾਂ (403) 262-1000 ਤੇ ਫ਼ੋਨ ਕਰੋ
  ਜਾਂ Calgary Transit Customer Service Centre, 224-7 Avenue S.W., Calgary ਤੇ ਜਾਓ।

- ☐ ਰਿਹਾਇਸ਼ ਚੁਣਨ ਦੀ ਜਾਣਕਾਰੀ ਲਈ ਇਸ ਵੈਬਸਾਈਟ ਦੇ ਹਾਊਸਿੰਗ ਸੈਕਸ਼ਨ ਵਿੱਚੇ ਚੈਕ ਕਰੋ, ਜਾਂ ਕਰਬੀ ਹਾਊਸਿੰਗ ਤੇ ਇਸ ਨੰਬਰ ਤੇ ਫ਼ੋਨ ਕਰੋ: (403) 705-3230 । ਜਾਂ ਕਰਬੀ ਹਾਊਸਿੰਗ ਤੇ 1133-7 Avenue S.W., Calgary ਦੇ ਪਤੇ ਤੇ ਜਾਓ - ਅਪੌਇਨਟਮੈਂਟ ਨੂੰ ਤਰਜੀਹ ਦਿੱਤੀ ਜਾਵੇਗੀ ।